# What is Naam in Gurbani ?
# ਗੁਰਬਾਣੀ ਵਿੱਚ ਨਾਮ ਦਾ ਕੀ ਭਾਵ-ਅਰਥ ਹੈ ?

**ਡਾ ਗੁਰਦੇਵ ਸਿੰਘ ਸੰਘਾ**
ਕਿਚਨਰ, ਓਨਟਾਰੀਓ, ਕੈਨੇਡਾ
dev101ca@hotmail.com

**ABSTRACT**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਨਾਮ ਦੀ ਬੜੀ ਮਹਿਮਾ (importance) ਦੱਸੀ ਗਈ ਹੈ। ਸਾਰੀ ਗਰੁਬਾਣੀ ਨਾਮ ਦੀ ਉਪਮਾ (praise) ਨਾਲ ਭਰਪੂਰ ਹੈ। ਨਾਮ ਦੇ ਗੁਣ ਦਸੱਦਿਆਂ ਹੋਇਆਂ ਇਹ ਵਿਚਾਰ ਸਮਝਾਇਆ ਗਿਆ ਹੈ ਕਿ ਨਾਮ ਅਭਿਆਸੀਆਂ ਦਾ ਜੀਵਨ ਸੁਆਰਿ (refined) ਜਾਂਦਾ ਹੈ। ਨਾਮ ਅਭਿਆਸੀਆਂ ਦੇ ਦੁੱਖ-ਕਲੇਸ਼ ਦੂਰ ਹੋ ਜਾਂਦੇ ਹਨ। ਉਹ ਹਉਮੇਂ ਆਦਿ ਔਗੁਣਾਂ ਤੇ ਕਾਬੂ ਪਾ ਲੈਂਦੇ ਹਨ। ਉਨ੍ਹਾਂ ਦਾ ਜੀ ਵਨ ਗੁਣਕਾਰੀ ਬਣ ਜਾਂਦਾ ਹੈ ਅਤੇ ਉਹ 'ਜੀਵਨ-ਮੁਕਤ' ਹੋ ਜਾਂਦੇ ਹਨ।

ਅਜੋਕੇ ਸਿੱਖ ਸੰਸਾਰ ਵਿੱਚ ਬਹੁਤੇ ਸਿੱਖ ਪ੍ਰਚਾਰਕਾਂ, ਕੀਰਤਨੀਆਂ, ਕਥਾਕਾਰਾਂ ਅਤੇ ਬੁੱਧੀਜੀਵਿਆਂ ਵਲੋਂ ਨਾਮ-ਸਿਮਰਨ ਉਤੇ ਬੜਾ ਜੋਰ ਦਿੱਤਾ ਜਾਂਦਾ ਹੈ। ਗੁਰਦੁਅਰਿਆਂ ਅਤੇ ਧਾਰਮਿਕ ਦੀਵਾਨਾਂ ਵਿੱਚ, ਉਚੇਚੇ ਤੌਰ ਤੇ ਨਾਮ ਸਿਮਰਨ ਦੇ ਪ੍ਰੋਗਰਾਮ ਉਲੀਕੇ ਜਾਂਦੇ ਹਨ। ਸਿੱਖਾਂ ਦੀ ਵੱਸੋਂ ਵਾਲ਼ੇ ਹਰ ਛੋਟੇ-ਵੱਡੇ ਸ਼ਹਿਰ ਵਿੱਚ ਸੁਖਮਨੀ ਸੋਸਾਇਟੀਆਂ ਬਣੀਆਂ ਹੋਈਆਂ ਹਨ। ਜਿਹੜੀਆਂ ਨਾਮ ਸਿਮਰਨ ਦਾ ਅਭਿਆਸ ਆਦਿ ਕਰਾਉਂਦੀਆਂ ਹਨ।

ਜਿਸ ਨਾਮ ਸਿਮਰਨ ਦੇ ਕਾਰਜ ਨੂੰ ਮੁੱਖ ਰੱਖ ਕੇ ਸੰਗਤ ਦੇ ਇਕੱਠ ਕੀਤੇ ਜਾਂਦੇ ਹਨ। ਉਹ 'ਨਾਮ' ਕੀ ਹੈ ? ਉਸ ਨਾਮ ਦਾ ਸੰਕਲਪ ਕੀ ਹੈ ?

ਨਾਮ-ਸਿਮਰਨ ਦੇ ਦੀਵਾਨਾਂ ਵਿੱਚ ਸੰਗਤ ਕਰਨ ਤੋਂ ਬਾਅਦ ਉਥੇ ਹਾਜਰ ਸੰਗਤ ਨਾਲ਼ ਵਿਚਾਰ-ਵਟਾਂਦਰਾ (exchange of view) ਕਰਕੇ, ਇਹੋ ਸਮਝ ਆਇਆ ਹੈ ਕਿ ਨਾਮ ਅਭਿਆਸੀਆਂ ਦੀ ਬਹੁ-ਗਿਣਤੀ ਉਚੀ-ਉਚੀ ਅਵਾਜ਼ ਵਿੱਚ ਸਤਿਨਾਮ ਵਾਹਿਗੁਰੂ ਦੇ ਅਵਾਜੇ ਲਾਉਣ ਨੂੰ ਹੀ ਨਾਮ, ਨਾਮ ਜਪੱਣਾ ਅਤੇ ਨਾਮ ਦਾ ਸਿਮਰਨਾ ਕਰਨਾ ਆਦਿ ਸਮਝੀ ਬੈਠੀ ਹੈ।

ਆਓ! ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚੋਂ ਆਪਣੇ ਸੁਆਲ ਦਾ ਜੁਆਬ ਲੱਭਣ ਦਾ ਯਤਨ ਕਰੋ ਕਿ ਨਾਮ ਕੀ ਹੈ ?

(**Editorial Note**: Complete paper was not submitted.)